Punjabi - Number 130d
Dangerous plant species series - October 2025

# ਮੇਪਲ ਬਾਰਕ ਬਿਮਾਰੀ

## Maple bark disease

### ਮੇਪਲ ਬਾਰਕ ਬਿਮਾਰੀ ਕੀ ਹੈ?

ਮੇਪਲ ਬਾਰਕ ਬਿਮਾਰੀ ਇੱਕ ਸਾਹ ਦੀ ਬਿਮਾਰੀ ਹੈ ਜੋ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ (Cryptostroma corticale)* ਨਾਮਕ ਇੱਕ ਰੁੱਖ ਦੀ ਉੱਲੀ ਦੇ ਸੰਪਰਕ ਵਿੱਚ ਆਉਣ ਕਾਰਨ ਹੁੰਦੀ ਹੈ। ਇਹ ਉੱਲੀ ਚੌੜੇ, ਫਲੈਟ ਪੱਤਿਆਂ ਵਾਲੇ ਰੁੱਖਾਂ, ਖਾਸ ਕਰਕੇ ਮੇਪਲ ਦੇ ਰੁੱਖਾਂ ਨੂੰ ਸੰਕਰਮਿਤ ਕਰਦੀ ਹੈ। ਜਦੋਂ ਰੁੱਖ ਸੰਕਰਮਿਤ ਹੁੰਦੇ ਹਨ, ਤਾਂ ਉੱਲੀ ਛਿੱਲ ਦੀ ਸਤ੍ਹਾ 'ਤੇ ਕਾਲੇ ਬੀਜਾਣੂਆਂ ਦੇ ਮੈਟ ਬਣਾਉਂਦੀ ਹੈ। ਰੁੱਖਾਂ ਵਿੱਚ, ਇਸ ਸਥਿਤੀ ਨੂੰ 'ਸੂਟੀ ਬਾਰਕ ਬਿਮਾਰੀ' ਕਿਹਾ ਜਾਂਦਾ ਹੈ, ਜੋ ਕਿ ਬੀਜਾਣੂਆਂ ਦੀ ਕਾਲੀ ਦਿੱਖ ਨੂੰ ਦਰਸਾਉਂਦੀ ਹੈ। ਰੁੱਖਾਂ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਛਿੱਲ ਦੇ ਇਸੇ ਤਰ੍ਹਾਂ ਦੇ ਕਾਲੇ ਰੰਗ ਦਾ ਕਾਰਨ ਬਣਦੀਆਂ ਹਨ, ਇਸ ਲਈ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਨਾਲ ਲਾਗ ਦੀ ਪੁਸ਼ਟੀ ਕਰਨ ਲਈ ਪ੍ਰਯੋਗਸ਼ਾਲਾ ਜਾਂਚ ਦੀ ਲੋੜ ਹੁੰਦੀ ਹੈ।

ਹਫ਼ਤਿਆਂ ਜਾਂ ਮਹੀਨਿਆਂ ਤੱਕ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਬੀਜਾਣੂਆਂ ਨੂੰ ਸਾਹ ਨਾਲ ਅੰਦਰ ਲੈਣ ਨਾਲ ਮਨੁੱਖਾਂ ਵਿੱਚ ਮੇਪਲ ਬਾਰਕ ਬਿਮਾਰੀ ਹੋ ਸਕਦੀ ਹੈ। ਇਹ ਸਾਹ ਦੀਆਂ ਨਾਲੀਆਂ ਅਤੇ ਫੇਫੜਿਆਂ ਦੀ ਇੱਕ ਕਿਸਮ ਦੀ ਚਿਰਕਾਲੀ ਸੋਜਸ਼ ਹੈ, ਜੋ ਬਹੁਤ ਜ਼ਿਆਦਾ ਇਮਿਊਨ ਪ੍ਰਤੀਕਿਰਿਆ ਕਾਰਨ ਹੁੰਦੀ ਹੈ। ਜ਼ਿਆਦਾਤਰ ਲੋਕ ਬੀਜਾਣੂਆਂ ਦੇ ਸੰਪਰਕ ਵਿੱਚ ਆਉਣਾ ਖਤਮ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ।

### ਬ੍ਰਿਟਿਸ਼ ਕੋਲੰਬੀਆ ਵਿੱਚ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਕਿੱਥੇ ਮਿਲ ਸਕਦੀ ਹੈ?

ਸੂਟੀ ਬਾਰਕ ਬਿਮਾਰੀ ਪਹਿਲਾਂ ਸਿਰਫ਼ ਪੂਰਬੀ ਉੱਤਰੀ ਅਮਰੀਕਾ ਵਿੱਚ ਪਾਈ ਜਾਂਦੀ ਸੀ ਪਰ ਹੁਣ ਇਹ ਵਾਸ਼ਿੰਗਟਨ ਸਟੇਟ ਅਤੇ ਬ੍ਰਿਟਿਸ਼ ਕੋਲੰਬੀਆ ਸਮੇਤ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਰੱਖਾਂ ਵਿੱਚ ਫੈਲ ਗਈ ਹੈ। *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਦਾ ਪਤਾ ਬ੍ਰਿਟਿਸ਼ ਕੋਲੰਬੀਆ ਵਿੱਚ 2022 ਦੀਆਂ ਗਰਮੀਆਂ ਵਿੱਚ ਪਹਿਲੀ ਵਾਰ ਲਗਿਆ ਸੀ, ਜਦੋਂ ਕਨੇਡੀਅਨ ਫੌਰੈਸਟ ਸਰਵਿਸ ਅਤੇ ਬ੍ਰਿਟਿਸ਼ ਕੋਲੰਬੀਆ ਦੇ ਜੰਗਲਾਤ ਮੰਤਰਾਲੇ ਨੇ ਗ੍ਰੇਟਰ ਵਿਕਟੋਰੀਆ ਅਤੇ ਵੈਨਕੂਵਰ ਖੇਤਰਾਂ ਦੇ ਸ਼ਹਿਰੀ ਖੇਤਰਾਂ ਵਿੱਚ ਪ੍ਰਭਾਵਿਤ ਰੁੱਖਾਂ ਦੀ ਖੋਜ ਕੀਤੀ ਸੀ।

ਗਰਮੀ ਅਤੇ ਸੋਕੇ ਸੰਬੰਧੀ ਤਣਾਅ ਵਾਲੇ ਰੁੱਖ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਲਾਗ ਲਈ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਬਦਲਦੇ ਜਲਵਾਯੂ ਪੈਟਰਨਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਖੁਸ਼ਕ, ਗਰਮ ਗਰਮੀਆਂ ਦੇ ਹਾਲੀਆ ਅਨੁਭਵ ਦੇ ਕਾਰਨ, *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਸੂਬੇ ਦੇ ਅੰਦਰ ਫੈਲਣਾ ਜਾਰੀ ਰੱਖ ਸਕਦੀ ਹੈ।

### ਮੇਪਲ ਬਾਰਕ ਬਿਮਾਰੀ ਦਾ ਜੋਖਮ ਕਿਸਨੂੰ ਹੈ?

ਜਨਤਾ ਦੁਆਰਾ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਬੀਜਾਣੂਆਂ ਦੇ ਆਮ ਸੰਪਰਕ ਨਾਲ ਮੇਪਲ ਬਾਰਕ ਬਿਮਾਰੀ ਦੇ ਵਿਕਾਸ ਦਾ ਜੋਖਮ ਬਹੁਤ ਘੱਟ ਜਾਂ ਕੋਈ ਜੋਖਮ ਨਹੀਂ ਹੈ। ਉਦਾਹਰਣ ਵਜੋਂ, ਕਿਸੇ ਸੰਕਰਮਿਤ ਰੁੱਖ ਦੇ ਨੇੜੇ ਤੁਰਨਾ ਜਾਂ ਕਿਸੇ ਦੂਰ ਦੇ ਰੁੱਖ ਤੋਂ ਹਵਾ ਨਾਲ ਉੱਡਣ ਵਾਲੇ ਬੀਜਾਣੂਆਂ ਦੇ ਸੰਪਰਕ ਵਿੱਚ ਆਉਣ ਨਾਲ ਕਦੇ ਵੀ ਮਨੁੱਖੀ ਬਿਮਾਰੀ ਨਹੀਂ ਹੋਈ ਹੈ।

*ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਬੀਜਾਣੂਆਂ ਦੀ ਵੱਡੀ ਮਾਤਰਾ ਦੇ ਵਾਰ-ਵਾਰ, ਲੰਬੇ ਸਮੇਂ ਤੱਕ, ਚਿਰਕਾਲੀ ਜਾਂ ਨਿਰੰਤਰ ਸੰਪਰਕ ਵਿੱਚ ਰਹਿਣ ਨਾਲ ਮੇਪਲ ਬਾਰਕ ਬਿਮਾਰੀ ਹੋਣ ਦਾ ਸਭ ਤੋਂ ਵੱਡਾ ਜੋਖਮ ਹੁੰਦਾ ਹੈ। ਦਰਅਸਲ, ਇਹ ਸਿਰਫ਼ ਉਨ੍ਹਾਂ ਲੋਕਾਂ ਵਿੱਚ ਹੀ ਰਿਪੋਰਟ ਕੀਤੀ ਗਈ ਹੈ ਜਿਨ੍ਹਾਂ ਦਾ ਰੁੱਖਾਂ ਅਤੇ ਛਿੱਲ ਨਾਲ ਕਿੱਤਾਮੁਖੀ ਜਾਂ ਸ਼ੌਕ ਸੰਬੰਧੀ ਸੰਪਰਕ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਵੱਧ ਜੋਖਮ ਹੋ ਸਕਦਾ ਹੈ ਉਨ੍ਹਾਂ ਵਿੱਚ ਸ਼ਾਮਲ ਹਨ:

- ਲੱਕੜ ਦਾ ਕੰਮ ਕਰਨ ਵਾਲੇ ਕਾਮੇ (ਜਿਵੇਂ ਕਿ ਲੱਕੜ ਦੀ ਮਿੱਲਿੰਗ, ਲੱਕੜ ਦੀ ਕਟਾਈ, ਲੱਕੜ ਦੀ ਪ੍ਰੋਸੈਸਿੰਗ, ਕਾਗਜ਼ ਨਿਰਮਾਣ, ਉਸਾਰੀ)
- ਲੱਕੜ ਕੱਟਣ ਵਾਲੇ ਕਾਮੇ ਅਤੇ ਜੰਗਲਾਤ ਕਰਮਚਾਰੀ
- ਰੁੱਖ ਵਿਗਿਆਨੀ (ਆਰਬੋਰਿਸਟ)
- ਬਾਗਬਾਨੀ ਵਿਗਿਆਨੀ
- ਕੁਝ ਸ਼ੌਕੀਨ (ਉਦਾਹਰਣ ਲਈ ਆਰਕਿਡ ਉਤਸ਼ਾਹੀ ਜੋ ਅਕਸਰ ਰੁੱਖਾਂ ਦੀ ਛਿੱਲ ਨਾਲ ਕੰਮ ਕਰਦੇ ਹਨ)

ਮੇਪਲ ਬਾਰਕ ਬਿਮਾਰੀ ਲੋਕਾਂ ਜਾਂ ਜਾਨਵਰਾਂ ਵਿਚਕਾਰ ਨਹੀਂ ਫੈਲਦੀ।

### ਮੇਪਲ ਬਾਰਕ ਬਿਮਾਰੀ ਦੇ ਲੱਛਣ ਕੀ ਹਨ?

ਆਮ ਲੱਛਣਾਂ ਵਿੱਚ ਸ਼ਾਮਲ ਹਨ:

- ਸਾਹ ਚੜ੍ਹਨਾ
- ਖੰਘਣਾ

ਘੱਟ ਆਮ ਲੱਛਣਾਂ ਵਿੱਚ ਸ਼ਾਮਲ ਹਨ:

- ਛਾਤੀ ਵਿੱਚ ਜਕੜਨ

- ਬੁਖਾਰ
- ਠੰਡ ਲਗਣਾ
- ਭਾਰ ਘਟਣਾ
- ਬੇਚੈਨੀ

ਜ਼ਿਆਦਾਤਰ ਲੋਕ ਮੌਸਮੀ ਐਲਰਜੀਆਂ ਵਰਗੇ ਹਲਕੇ ਲੱਛਣਾਂ ਦਾ ਅਨੁਭਵ ਕਰਦੇ ਹਨ ਜੋ ਸੰਪਰਕ ਬੰਦ ਹੋਣ ਤੋਂ ਬਾਅਦ ਠੀਕ ਹੋ ਜਾਂਦੇ ਹਨ।

ਵੱਡੀ ਮਾਤਰਾ ਵਿੱਚ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ (Cryptostroma corticale)* ਬੀਜਾਣੂਆਂ ਨਾਲ ਲੰਬੇ ਸਮੇਂ ਤੱਕ ਸੰਪਰਕ ਅਤੇ ਇਲਾਜ ਨਾ ਕੀਤੀ ਗਈ ਮੇਪਲ ਬਾਰਕ ਬਿਮਾਰੀ ਕਰਕੇ ਫੇਫੜਿਆਂ ਦੇ ਫਾਈਬਰੋਸਿਸ ਅਤੇ ਫੇਫੜਿਆਂ ਦੇ ਕੰਮਕਾਜ ਦਾ ਨੁਕਸਾਨ ਹੋ ਸਕਦਾ ਹੈ।

ਜੇਕਰ ਤੁਹਾਨੂੰ ਸੂਟੀ ਬਾਰਕ ਬਿਮਾਰੀ ਵਾਲੇ ਰੁੱਖਾਂ ਨਾਲ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਤੋਂ ਬਾਅਦ ਲੱਛਣ ਮਹਿਸੂਸ ਹੁੰਦੇ ਹਨ, ਤਾਂ ਕਿਰਪਾ ਕਰਕੇ ਕਿਸੇ ਸਿਹਤ ਸੰਭਾਲ ਪੇਸ਼ੇਵਰ ਨਾਲ ਸਲਾਹ ਕਰੋ।

## ਇਸਦਾ ਨਿਦਾਨ ਕਿਵੇਂ ਕੀਤਾ ਜਾਂਦਾ ਹੈ?

ਤੁਹਾਡਾ ਡਾਕਟਰ ਰੁੱਖਾਂ ਅਤੇ ਛਿੱਲ ਨਾਲ ਸੰਪਰਕ ਦੇ ਤੁਹਾਡੇ ਇਤਿਹਾਸ ਬਾਰੇ ਵਿਸਤ੍ਰਿਤ ਜਾਣਕਾਰੀ ਮੰਗ ਸਕਦਾ ਹੈ, ਜਿਵੇਂ ਕਿ ਤੁਹਾਡਾ ਕਿੱਤਾਮੁਖੀ ਇਤਿਹਾਸ, ਰਹਿਣ-ਸਹਿਣ ਦੀ ਸਥਿਤੀ ਅਤੇ ਸ਼ੌਕ। ਮੇਪਲ ਬਾਰਕ ਬਿਮਾਰੀ ਦੀ ਨਿਸ਼ਚਤ ਤੌਰ 'ਤੇ ਪਛਾਣ ਕਰਨ ਵਾਲਾ ਕੋਈ ਟੈਸਟ ਨਹੀਂ ਹੈ, ਇਸ ਲਈ ਤੁਹਾਡੇ ਸੰਪਰਕ ਦਾ ਇਤਿਹਾਸ ਮੇਪਲ ਬਾਰਕ ਬਿਮਾਰੀ ਨੂੰ ਹੋਰ ਸਮਾਨ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਵੱਖ ਕਰਨ ਵਿੱਚ ਮਦਦਗਾਰ ਹੈ।

## ਇਲਾਜ ਕੀ ਹੈ?

ਜ਼ਿਆਦਾਤਰ ਕੇਸਾਂ ਵਿੱਚ, *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਦੇ ਸੰਪਰਕ ਨੂੰ ਹਟਾਉਣ ਦਾ ਨਤੀਜਾ ਪੂਰੀ ਤਰ੍ਹਾਂ ਠੀਕ ਹੋਣਾ ਹੁੰਦਾ ਹੈ। ਵਧੇਰੇ ਗੰਭੀਰ ਕੇਸਾਂ ਵਿੱਚ ਦਵਾਈਆਂ ਅਤੇ ਹੋਰ ਇਲਾਜਾਂ ਦੀ ਲੋੜ ਹੋ ਸਕਦੀ ਹੈ।

## ਮੇਪਲ ਬਾਰਕ ਬਿਮਾਰੀ ਨੂੰ ਰੋਕਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜਿਹੜੇ ਲੋਕ ਸੰਭਾਵੀ ਤੌਰ 'ਤੇ ਸੰਕਰਮਿਤ ਰੁੱਖਾਂ ਨਾਲ ਕੰਮ ਕਰਦੇ ਹਨ, ਉਨ੍ਹਾਂ ਨੂੰ ਨਿੱਜੀ ਸੁਰੱਖਿਆ ਸਾਜ਼ੋ-ਸਮਾਨ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਵੇਂ ਕਿ:

- ਚਿਹਰੇ ਦੁਆਲੇ ਚੰਗੀ ਤਰ੍ਹਾਂ ਸੀਲ ਹੋਣ ਵਾਲਾ ਅੱਧਾ-ਚਿਹਰੇ ਦਾ ਰੈਸਪੀਰੇਟਰ
- ਗੋਗਲਜ਼
- ਦਸਤਾਨੇ
- ਬੂਟ
- ਓਵਰਆਲ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਯਾਰਡ ਵਿੱਚ ਇੱਕ ਰੁੱਖ ਹੈ ਜਿਸ ਵਿੱਚ ਸੂਟੀ ਬਾਰਕ ਬਿਮਾਰੀ ਹੈ, ਤਾਂ ਇਹ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਇਹ ਪੁਸ਼ਟੀ ਕਰਨ ਲਈ ਕਿ ਰੁੱਖ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਨਾਲ ਸੰਕਰਮਿਤ ਹੈ, ਕਿਸੇ ਰੁੱਖ ਵਿਗਿਆਨੀ (ਆਰਬੋਰਿਸਟ) ਜਾਂ ਪੌਦਿਆਂ ਦੇ ਸਿਹਤ ਮਾਹਰ ਨਾਲ ਸੰਪਰਕ ਕਰਨਾ ਅਤੇ ਰੱਖ ਨੂੰ ਸੁਰੱਖਿਅਤ ਢੰਗ ਨਾਲ ਹਟਾਉਣਾ
- ਆਈਨੈਚੁਰਲਿਸਟ (iNaturalist) ਦੇਸੂਟੀ ਬਾਰਕ ਪੰਨੇ 'ਤੇ ਰੁੱਖ ਦੀ ਰਿਪੋਰਟ ਕਰਨਾ ਜਿੱਥੇ ਪੈਸੀਫਿਕ ਫਾਰੈਸਟਰੀ ਸੈਂਟਰ ਮਾਹਿਰਾਂ ਦੁਆਰਾ ਇਸਦੀ ਸਮੀਖਿਆ ਕੀਤੀ ਜਾ ਸਕਦੀ ਹੈ www.inaturalist.org/projects/sooty-bark-disease

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ *ਕ੍ਰਿਪਟੋਸਟ੍ਰੋਮਾ ਕੋਰਟੀਕੇਲੀ* ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹੇ ਹੋ ਅਤੇ ਤੁਹਾਡੇ ਵਿੱਚ ਅਨੁਕੂਲ ਲੱਛਣ ਹਨ, ਤਾਂ ਕਿਰਪਾ ਕਰਕੇ ਕਿਸੇ ਸਿਹਤ ਸੰਭਾਲ ਪੇਸ਼ੇਵਰ ਦੀ ਸਲਾਹ ਲਓ।

## ਹੋਰ ਜਾਣਕਾਰੀ ਲਈ

- ਕੈਨੇਡਾ ਸਰਕਾਰ: ਸੂਟੀ ਬਾਰਕ ਬਿਮਾਰੀ https://natural-resources.canada.ca/forest-forestry/insects-disturbances/sooty-bark-disease
- ਆਈਨੈਚੁਰਲਿਸਟ: ਸੂਟੀ ਬਾਰਕ ਬਿਮਾਰੀ www.inaturalist.org/projects/sooty-bark-disease
- ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਹੈਲਥ: ਮੇਪਲ ਬਾਰਕ ਬਿਮਾਰੀ https://doh.wa.gov/node/12614
- ਵਾਸ਼ਿੰਗਟਨ ਸਟੇਟ ਯੂਨੀਵਰਸਿਟੀ: ਸੂਟੀ ਬਾਰਕ ਬਿਮਾਰੀ https://treehealth.wsu.edu/sbd
- ਜੰਗਲਾਤ ਰੋਗ ਵਿਗਿਆਨ: ਮੇਪਲ ਦੀ ਸੂਟੀ-ਬਾਰਕ ਬਿਮਾਰੀ: ਸੂਟੀ ਬਾਰਕ ਬਿਮਾਰੀ https://forestpathology.org/canker/sooty-bark-maple
- ਪੈਸੀਫਿਕ ਨੌਰਥਵੈਸਟ ਪੈਸਟ ਮੈਨੇਜਮੈਂਟ ਹੈਂਡਬੁੱਕ: ਮੇਪਲ (*ਏਸਰ* ਐਸਪੀਪੀ.)-ਸੂਟੀ ਬਾਰਕ ਬਿਮਾਰੀ https://pnwhandbooks.org/plantdisease/host-disease/maple-acer-spp-sooty-bark-disease